NEW YORK STATE

# PARENT DASHBOARD

*Empowering New York State Parents*

## ਮਾਪਿਆਂ ਲਈ ਡੈਸ਼ਬੋਰਡ ਕੀ ਹੈ ?

ਨਿਊਯਾਰਕ ਸਟੇਟ ਐਜੂਕੇਸ਼ਨ ਡਿਪਾਰਟਮੈਂਟ (ਨਿਸੇਡ) ਪਾਰਦਰਸ਼ਤਾ ਵਧਾਉਣ ਅਤੇ ਸਕੂਲੀ ਪ੍ਰਦਰਸ਼ਨ ਬਾਰੇ ਜਾਣਕਾਰੀ ਦੇਣ ਅਤੇ ਸਕੂਲੀ ਪੱਧਰ ਦੀਆਂ ਹੋਰ ਸੂਚਨਾਵਾਂ ਮਾਪਿਆਂ ਅਤੇ ਜਨਤਾ ਲਈ ਪਹੁੰਚਾਣ ਲਈ ਇੱਕ ਸਰੋਤ ਵਿਕਸਤ ਕਰ ਰਿਹਾ ਹੈ।

ਇਹ ਨਿਊਯਾਰਕ ਦੀ ਐਵਰੀ ਸਟੂਡੈਂਟ ਸਕਸੀਡ ਐਕਟ (ਐੱਸਾ) ਯੋਜਨਾ ਦਾ ਹਿੱਸਾ ਹੈ।

## ਸੁਝਾਅ

ਨਿਸੇਡ ਮਾਪਿਆਂ ਅਤੇ ਹੋਰ ਹਿੱਸੇਦਾਰਾਂ ਤੋਂ ਸੁਝਾਅ ਲੈ ਰਿਹਾ ਹੈ ਤਾਂਕਿ ਮਾਪੇ ਡੈਸ਼ਬੋਰਡ ਨੂੰ ਵਿਕਸਤ ਕਰਨ ਦੇ ਕੰਮ ਵਿਚ ਮਦੱਦ ਕਰ ਸਕਣ।
ਨਿਸੇਡ ਇਹਣਾਂ ਸੁਝਾਵਾਂ ਦਾ ਇਸਤੇਮਾਲ ਉਹਨਾਂ ਸੂਚਨਾਵਾਂ ਦੀ ਪਛਾਣ ਕਰਨ ਲਈ ਕਰੇਗਾ ਜੋ ਮਾਪਿਆਂ ਅਤੇ ਜਨਤਾ ਲਈ ਸਭ ਤੋਂ ਵੱਧ ਲਾਭਦਾਇਕ ਹਨ।

## ਡਿਜ਼ਾਈਨ

ਪੇਰੈਂਟ ਡੈਸ਼ਬੋਰਡ ਵਿੱਚ ਨਿਊਯਾਰਕ ਦੇ ਮਾਪਿਆਂ ਅਤੇ ਜਨਤਾ ਦੀਆਂ ਲੋੜਾਂ ਨੂੰ ਬੇਹਤਰ ਢੰਗ ਨਾਲ ਪੂਰਾ ਕਰਨ ਲਈ ਸਾਫ ਅਤੇ ਆਸਾਨ ਡਿਜ਼ਾਈਨ ਦੇ ਫ਼ੀਚਰ ਹੋਣਗੇ।



## ਐਵਰੀ ਸਟੂਡੈਂਟ ਸਕਸੀਡ ਐਕਟ (ਐੱਸਾ)

ਐੱਸਾ ਇੱਕ ਇਹੋ ਜਿਹਾ ਕਾਨੂੰਨ ਹੈ ਜੋ ਦੱਸਦਾ ਹੈ ਕਿ ਕਿਵੇਂ ਪਬਲਿਕ ਸਕੂਲਾਂ ਨੂੰ ਸਮਰਥਨ ਦੇਣ ਲਈ ਪ੍ਰਾਂਤ ਸੰਘੀ ਪੈਸੇ ਦੀ ਵਰਤੋਂ ਕਰ ਸਕਦੇ ਹਨ।

ਨਿਊ ਯਾਰਕ ਸਟੇਟ ਨੇ ਐੱਸਾ ਪਲਾਨ ਤਿਆਰ ਕੀਤਾ ਹੈ ਜਿਸ ਨੂੰ ਜਨਵਰੀ 2018 ਵਿੱਚ ਅਮਰੀਕੀ ਵਿੱਦਿਆ ਵਿਭਾਗ ਦੁਆਰਾ ਮਨਜ਼ੂਰ ਕੀਤਾ ਗਿਆ ਸੀ। ਇਹ ਯੋਜਨਾ ਸਾਰੇ ਵਿਦਿਆਰਥੀਆਂ ਲਈ ਸਿੱਖਿਆ ਵਿੱਚ ਬਰਾਬਰੀ ਤੇ ਜ਼ੋਰ ਦਿੰਦੀ ਹੈ ਅਤੇ ਸਕੂਲੀ ਜਵਾਬਦੇਹੀ ਅਤੇ ਵਿਦਿਆਰਥੀਆਂ ਦੀ ਸਫਲਤਾ ਲਈ ਉਪਾਵਾਂ ਨੂੰ ਉਤਸ਼ਾਹ ਦੇਂਦੀ ਹੈ।

## ਵਿਦਿਅਕ ਬਰਾਬਰੀ ਨੂੰ ਵਧਾਵਾ

ਬੁਨਿਆਦੀ ਤੌਰ ਤੇ ਐੱਸਾ ਇਹ ਯਕੀਨੀ ਬਣਾਉਣ ਲਈ ਕਿ ਹਰ ਵਿਦਿਆਰਥੀ ਸਫਲ ਹੋਵੇ, ਜ਼ਿਲਿਆਂ ਅਤੇ ਸਕੂਲਾਂ ਨੂੰ ਸਹਾਇਤਾ ਦੇ ਕੇ ਵਿਦਿਅਕ ਬਰਾਬਰੀ ਲਈ ਉਤਸ਼ਾਹਿਤ ਕਰਨ ਦੀਆਂ ਰਣਨੀਤੀਆਂ ਤਿਆਰ ਕਰਦਾ ਹੈ।

ਨਿਊਯਾਰਕ ਸਟੇਟ ਇਹ ਸੁਨਿਸ਼ਚਿਤ ਕਰਨ ਲਈ ਵਚਨਬੱਧ ਹੈ ਕਿ ਸਾਰੇ ਵਿਦਿਆਰਥੀ ਸਕੂਲ ਵਿੱਚ ਸਫ਼ਲ ਹੋਣ ਅਤੇ ਅੱਗੇ ਵਧਣ। ਇਸ ਗੱਲ ਦਾ ਕੋਈ ਫ਼ਰਕ ਨਹੀਂ ਕਿ ਉਹ ਕੌਣ ਹਨ, ਕਿੱਥੇ ਰਹਿੰਦੇ ਹਨ, ਕਿੱਥੇ ਸਕੂਲ ਜਾਂਦੇ ਹਨ ਜਾਂ ਕਿ ਉਹ ਕਿੱਥੋਂ ਆਉਂਦੇ ਹਨ।

**ਐੱਸਾ ਬਾਰੇ ਵਧੇਰੇ ਜਾਣਕਾਰੀ ਇੱਥੇ ਲਓ:**

www.nysed.gov/essa